# Annual Practice paper

## Subject – PUNJABI (004)

(2025-2026)
CLASS-VII

Time: 2/2 Hours

Maximum Marks: 60

ਆਮ ਨਿਰਦੇਸ਼ :

* ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

* ਲਿਖਾਈ ਸਾਫ਼, ਸ਼ੁੱਧ ਅਤੇ ਸਪਸ਼ਟ ਕਰਨ ਦਾ ਜਤਨ ਕਰੇ।

* ਪ੍ਰਸ਼ਨਾਂ ਦੇ ਉੱਤਰ ਕ੍ਰਮਵਾਰ ਲਿਖਣ ਦਾ ਜਤਨ ਕਰੋ।

* ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ ਨਾਲ ਉੱਤਰ ਵੀ ਲਿਖੋ ।

## ਭਾਗ-1 : ਪੜ੍ਹਨ ਕੌਸ਼ਲ

## (Part-I : Reading Skill)

5×2=10

1 ਅਣਡਿੱਠੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਖੇਡਾਂ ਸਿਹਤ ਲਈ ਬਹੁਤ ਲਾਭਦਾਇਕ ਹੁੰਦੀਆਂ ਹਨ। ਖੇਡਾਂ ਖੇਡਣ ਨਾਲ ਸਰੀਰ ਤੰਦਰੁਸਤ ਰਹਿੰਦਾ ਹੈ ਅਤੇ ਮਨ ਖੁਸ਼ ਰਹਿੰਦਾ ਹੈ। ਬੱਚਿਆਂ ਨੂੰ ਰੋਜ਼ਾਨਾ ਕੁਝ ਸਮਾਂ ਖੇਡਾਂ ਲਈ ਜ਼ਰੂਰ ਕੱਢਣਾ ਚਾਹੀਦਾ ਹੈ। ਖੇਡਾਂ ਨਾਲ ਟੀਮਵਰਕ, ਅਨੁਸ਼ਾਸਨ ਅਤੇ ਧੀਰਜ ਵਰਗੀਆਂ ਖੂਬੀਆਂ ਵਿਕਸਿਤ ਹੁੰਦੀਆਂ ਹਨ। ਸਾਨੂੰ ਹਮੇਸ਼ਾ ਖੇਡਾਂ ਵਿੱਚ ਇਮਾਨਦਾਰੀ ਨਾਲ ਹਿੱਸਾ ਲੈਣਾ ਚਾਹੀਦਾ ਹੈ।

ਪ੍ਰਸ਼ਨ–ਉੱਤਰ

(i) ਸਿਹਤ ਲਈ ਕੀ ਲਾਭਦਾਇਕ  ਹੈ?

(ii) ਖੇਡਾਂ ਖੇਡਣ ਨਾਲ ਸਰੀਰ ਕਿਵੇਂ ਰਹਿੰਦਾ ਹੈ?

(iii) ਬੱਚਿਆਂ ਨੂੰ ਰੋਜ਼ਾਨਾ ਕਿਸ ਲਈ ਸਮਾਂ ਕੱਢਣਾ ਚਾਹੀਦਾ ਹੈ?

(iv) ਖੇਡਾਂ ਨਾਲ ਕਿਹੜੀਆਂ ਖੂਬੀਆਂ ਵਿਕਸਿਤ ਹੁੰਦੀਆਂ ਹਨ

(v) ਸਾਨੂੰ ਖੇਡਾਂ ਵਿੱਚ ਕਿਵੇਂ ਹਿੱਸਾ ਲੈਣਾ ਚਾਹੀਦਾ ਹੈ?

ਭਾਗ-II : ਵਿਆਕਰਨ  (Part-II: Grammar)

1. ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਬਹ-ਵਿਕਲਪੀ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣ ਕੇ ਉੱਤਰ ਲਿਖੋ। (ਕੋਈ ਦਸ) 10x1

(i) ‘ਸਾਧਨ' ਸ਼ਬਦ ਲਈ ਸਹੀ ਬਹੁ-ਵਚਨ ਸ਼ਬਦ ਚੁਣੋ :-

ੳ) ਸਾਧਨਾਂ

ਅ) ਸਾਦ

ੲ) ਸਾਧ

ਸ) ਸਾਧਨੋ

(ii )'ਮੁਸੀਬਤਾਂ' ਸ਼ਬਦ ਲਈ ਸਹੀ ਵਚਨ ਸ਼ਬਦ ਚੁਣੋ :-

ੳ) ਮੁਸਿਬਤਾਂ

ਅ) ਮੁਸੀਬਤੋਂ

ੲ) ਮੁਸੀਬਤ

ਸ) ਮੁਸੀਬਾਤਾਂ

(iii) ਧੀ' ਸ਼ਬਦ ਦਾ ਸਹੀ ਪੁਲਿੰਗ ਸ਼ਬਦ ਚੁਣੋ:-

ੳ) ਧੀਆਂ

ਅ) ਕੁੜੀਆਂ

ੲ) ਧਿਆ

ਸ) ਪੁੱਤਰ

(iv) ਹੇਠ ਲਿਖਿਆਂ ਅਨੁਸਾਰ 'ਆਦਮੀ' ਸ਼ਬਦ ਦਾ ਸਹੀ ਇਸਤਰੀ ਲਿੰਗ  ਚੁਣ ਕੇ ਲਿਖੋ

ੳ) ਆਦਮੀਆਂ

ਅ) ਆਦਮਿਆਂ

ੲ) ਆਦਮੀਆਵਾਂ

ਸ) ਔਰਤ

(v) ‘ਸਰਦੀ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਚੁਣੋ :-

(ੳ) ਗਰਮੀ

(ਅ) ਸਿਆਲ

(ੲ) ਠੰਡ

(ਸ) ਸੁੰਦਰ

(vi) 'ਆਪਣਾ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਚੁਣੋ :-

(ੳ) ਅਪਣੱਤ

(ਅ) ਆਨੰਦ

(ੲ) ਪਰਾਇਆ

(ਸ) ਅਪਣਾਪਨ

(vii) ‘ਅੱਧਕ' ਵਾਲਾ ਸ਼ਬਦ ਚੁਣੋ :-

(ੳ) ਬੱਚਾ

(ਅ) ਪਤਾ

(ੲ) ਬਚਾ

(ਸ) ਦੰਦ

(viii) ਹੇਠ ਲਿਖੇ  ਅਨੁਸਾਰ 'ਸਮਸ੍ਯਾ' ਸ਼ਬਦ ਦਾ ਸਹੀ ਗੁਰਮੁਖੀ ਸ਼ਬਦ  ਚੁਣ ਕੇ ਲਿਖੋ :-

(ੳ) ਸਮੱਸਿਆ

(ਅ) ਸਸੱਸਿਆ

(ੲ) ਸਮੱਸਿਆਵਾਂ

(ਸ) ਸਮੱਸਿਆਵੋ

(ix) ਹੇਠ ਲਿਖਿਆਂ ਅਨੁਸਾਰ 'ਦਵਾਈ' ਦਾ ਸਹੀ ਦੇਵਨਾਗਰੀ ਸ਼ਬਦ ਚੁਣ ਕੇ ਲਿਖੋ ।

(ੳ) दवाईयां

(ਅ) देविईयां

(ੲ) दवाई

(ਸ) दवाईइ

(x) ਹੇਠ ਲਿਖੇ ਸ਼ਬਦਾਂ ਵਿੱਚੋਂ ਖਾਸ ਨਾਂਵ ਚੁਣ ਕੇ ਲਿਖੋ ।

(ੳ) ਅਬਦੁਲ ਕਲਾਮ

(ਅ) ਦੁਨੀਆ

(ੲ) ਰਿਸ਼ਤੇਦਾਰ

(ਸ) ਪਰਿਵਾਰ

xi) ਹੇਠ ਦਿੱਤੇ ਵਿਕਲਪਾਂ ਵਿੱਚੋਂ ਪੜਨਾਂਵ ਸ਼ਬਦ ਚੁਣ ਕੇ ਲਿਖੋ।

(ੳ) ਕੁਰਸੀ

(ਅ) ਸਕੂਲ

(ੲ) ਸਾਈਕਲ

(ਸ) ਅਸੀਂ

(xii) ਜਿਹੜੇ ਸ਼ਬਦ ਨਾਂਵ ਜਾਂ ਪੜਨਾਂਵ ਦੇ ਗੁਣ ਔਗੁਣ ਦੱਸਦੇ ਹਨ ਉਹਨਾਂ ਨੂੰ ਕੀ ਕਹਿੰਦੇ ਹਨ?

(ੳ) ਨਿਸ਼ਚੇਵਾਚਕ ਵਿਸ਼ੇਸ਼ਣ

(ਅ) ਪਰਿਮਾਣਵਾਚਕ ਵਿਸ਼ੇਸ਼ਣ

(ੲ) ਗੁਣਵਾਚਕ ਵਿਸ਼ੇਸ਼ਣ

(ਸ) ਪੜਨਾਂਵੀ ਵਿਸ਼ੇਸ਼ਣ

(xiii) ਕਿਰਿਆ ਦੀਆਂ ਕਿੰਨੀਆਂ ਕਿਸਮਾਂ ਹਨ ?

(ੳ) ਪੰਜ

(ਅ) ਛੇ

(ੲ) ਦੋ

(ਸ) ਚਾਰ

## ਭਾਗ-III : ਪ੍ਰਭਾਵਸ਼ਾਲੀ ਲਿਖਣ ਕੌਸ਼ਲ

## (Part-III: Writing Skill)

3. 'ਮੇਰਾ ਸਕੂਲ' ਵਿਸ਼ੇ 'ਤੇ ਲੇਖ ਲਿਖੋ। (ਪੰਜ ਸਤਰਾਂ) 5

ਜਾਂ

ਦੀਵਾਲੀ

ਜਾਂ

ਹੋਲੀ

.4. ਆਪਣੇ ਸਕੂਲ ਮੁਖੀ ਨੂੰ ਪੰਜਾਬੀ ਵਿਸ਼ਾ ਲੈਣ ਲਈ ਬਿਨੈ-ਪੱਤਰ ਲਿਖੋ।

5

ਜਾਂ

ਆਪਣੇ ਸਕੂਲ ਮੁਖੀ ਨੂੰ ਜਰੂਰੀ ਕੰਮ ਦੀ ਛੁੱਟੀ ਲੈਣ ਲਈ ਬਿਨੈ ਪੱਤਰ ਲਿਖੋ ।

5. ਹੇਠ ਦਿੱਤੇ ਗਏ ਸ਼ਬਦਾਂ ਦੀ ਸਹਾਇਤਾ ਨਾਲ ਪੰਜ ਸਤਰਾਂ ਵਿੱਚ ਚਿੱਤਰ ਵਰਨਣ ਕਰੋ :-

5

( ਬਲੈਕ ਬੋਰਡ, ਅਧਿਆਪਕਾਂ, ਤਾੜੀਆਂ, ਪੜ੍ਹਨਾ, ਜਮਾਤ, ਹੱਸਣਾ , ਵਿਦਿਆਰਥੀ)




"

ਨੋਟ : ਹੇਠ ਦਿੱਤਾ ਗਿਆ ਪ੍ਰਸ਼ਨ ਤਸਵੀਰ ਅਧਾਰਿਤ ਪ੍ਰਸ਼ਨ ਦੀ ਥਾਂ ਕੇਵਲ ਨੇਤਰਹੀਣ ਵਿਦਿਆਰਥੀਆਂ ਲਈ ਹੈ:-

ਮੇਰਾ ਮਨਪਸੰਦ ਅਧਿਆਪਕ ਦੇ ਬਾਰੇ 50 ਸ਼ਬਦਾਂ ਵਿੱਚ ਲਿਖੋ।

ਭਾਗ-IV : ਪਾਠ ਪੁਸਤਕਾਂ 'ਤੇ ਅਧਾਰਿਤ ਪ੍ਰਸ਼ਨ

(Part-IV: Text Book Based Questions)

6. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਚੁਣ ਕੇ ਲਿਖੋ :-

5×1=5

(i) ਰਾਜਿੰਦਰ ਸਿੰਘ ਨੇ ਪਹਿਲੀ ਵਾਰ ਸੋਨ ਤਗਮਾ ਕਦੋਂ ਜਿੱਤਿਆ?

(ੳ) 1994

(ਅ) 1995

(ੲ)1996

(ਸ) 1997

(ii) ਹਸਪਤਾਲ ਵਿੱਚ ਸਭ ਤੋਂ ਵੱਧ ਪੰਛੀ ਕਿਹੜੇ ਹਨ?

(ੳ) ਕਬੂਤਰ

(ਅ) ਮੈਨਾ

(ੲ) ਉੱਲੂ

(ਸ) ਮੋਰ

(iii) ਕਬੀਰ ਨੇ ਕੁੱਤੇ ਦਾ ਕੀ ਨਾਂ ਰੱਖਿਆ ?

(ੳ) ਸ਼ੇਰੂ

(ਅ) ਟਾਈਗਰ

(ੲ) ਮੋਤੀ

(ਸ) ਮੋਟੀ

(iv) ਰੰਗਾਂ ਦਾ ਤਿਉਹਾਰ ਕਿਸ ਨੂੰ ਕਿਹਾ ਗਿਆ ਹੈ?

(ੳ) ਦੀਵਾਲੀ

(ਅ) ਦੁਸ਼ਹਿਰਾ

(ੲ) ਹੋਲੀ

(ਸ) ਲੋਹੜੀ

(v) ਅੱਖੀਆਂ ਦਾ ਕੀ ਕੰਮ ਹੈ?

(ੳ) ਹੱਸਣਾ

(ਅ) ਬੋਲਣਾ

(ੲ) ਰੁਸਣਾ

(ਸ) ਤੱਕਣਾ

(vi) ਭਾਰਤ ਵਿੱਚ ਸਭ ਤੋਂ ਵੱਧ ਹਰਮਨ ਪਿਆਰਾ ਫਲ ਕਿਹੜਾ ਹੈ?

(ੳ) ਅੰਬ

(ਅ) ਸੰਤਰਾ

(ੲ) ਅੰਗੂਰ

(ਸ) ਬੇਰ

(vii) ਮਾਸਟਰ ਵਰਮਾ ਨੂੰ ਕਿਸ ਉੱਤੇ ਭਰਪੂਰ ਵਿਸ਼ਵਾਸ ਸੀ?

(ੳ) ਬਲਬ ਉੱਤੇ

(ਅ) ਅੰਧਵਿਸ਼ਵਾਸਾਂ ਉੱਤੇ

(ੲ) ਭੂਤ-ਚੁੜੇਲਾਂ ਉੱਤੇ

(ਸ) ਵਿਗਿਆਨ ਦੀ ਸੱਚਾਈ ਉੱਤੇ

(viii) ਅਬਦੁਲ ਕਲਾਮ ਜੀ ਦੀ ਮਾਂ ਦਾ ਕੀ ਨਾਂ ਸੀ?

(ੳ) ਰੁਖਸਾਨਾ

(ਅ) ਨਿਗਾਰ

(ੲ) ਆਸ਼ਿਅੰਮਾ

(ਸ) ਸਲਮਾ

7. ਹੇਠਾਂ ਪਾਠ-ਪੁਸਤਕ ਵਿੱਚੋਂ ਦਿੱਤੇ ਗਏ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :-

5×1=5

ਰਜਿੰਦਰ ਸਿੰਘ ਰਹੇਲੂ ਦਾ ਜਨਮ ਜਿਲ੍ਹਾ ਜਲੰਧਰ ਪਿੰਡ ਮਹਿਸਪੁਰ ਵਿਖੇ ਮਾਤਾ ਗੁਰਦਿਆਲ ਕੌਰ ਅਤੇ ਪਿਤਾ ਸ੍ਰੀ ਰਤਨ ਸਿੰਘ ਦੇ ਘਰ 22 ਜੁਲਾਈ 1973 ਵਿੱਚ ਹੋਇਆ। ਅੱਠ ਮਹੀਨੇ ਬਾਅਦ ਡਾਕਟਰੀ ਚੈਕਅੱਪ ਕਰਵਾਉਣ ਤੋ ਬਾਅਦ ਮਾਤਾ-ਪਿਤਾ ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਜਦੋਂ ਪਤਾ ਲੱਗਾ ਕਿ ਰਜਿੰਦਰ ਸਿੰਘ ਦੀਆਂ ਲੱਤਾਂ ਪੋਲੀਓ ਦਾ ਸ਼ਿਕਾਰ ਹੋਣ ਕਰਕੇ ਨਕਾਰਾ ਹੋ ਚੁੱਕੀਆਂ ਹਨ। ਰਜਿੰਦਰ ਦੋ ਭੈਣਾ ਅਤੇ ਤਿੰਨ ਭਰਾਵਾਂ ਵਿੱਚੋਂ ਸਭ ਤੋਂ ਛੋਟਾ ਸੀ। ਅੱਠਵੀਂ ਜਮਾਤ ਰਜਿੰਦਰ ਨੇ ਆਪਣੇ ਪਿੰਡ ਦੇ ਸਰਕਾਰੀ ਸਕੂਲ

ਤੋਂ ਪਾਸ ਕੀਤੀ। ਰਜਿੰਦਰ ਦਾ ਆਪਣਾ ਭਾਵੇਂ ਕੋਈ ਵੀ ਰੋਲ ਮਾਡਲ ਨਹੀਂ ਸੀ, ਪਰ ਉਹ ਦੂਸਰਿਆਂ ਲਈ ਰੋਲ ਮਾਡਲ ਬਣਨਾ ਚਾਹੁੰਦਾ ਸੀ।

1. ਰਜਿੰਦਰ ਸਿੰਘ ਦਾ ਜਨਮ ਕਦੋਂ ਤੇ ਕਿੱਥੇ ਹੋਇਆ?
2. ਰਜਿੰਦਰ ਦੇ ਮਾਤਾ ਜੀ ਦਾ ਕੀ ਨਾਮ ਸੀ?
3. ਰਜਿੰਦਰ ਦੀ ਜ਼ਿੰਦਗੀ ਵਿੱਚ ਕਿਹੜਾ ਦੁੱਖਾਂ ਦਾ ਪਹਾੜ ਟੁੱਟਿਆ?
4. ਰਜਿੰਦਰ ਸਿੰਘ ਦੀਆਂ ਕਿੰਨੀਆਂ ਭੈਣਾਂ ਸਨ?
5. ਰਜਿੰਦਰ ਦੂਸਰਿਆਂ ਲਈ ਕੀ ਬਣਨਾ ਚਾਹੁੰਦਾ ਸੀ?

8. ਹੇਠ ਲਿਖੇ ਵਾਕਾਂ ਵਿਚੋਂ ਸਹੀ ਵਾਕ ਅੱਗੇ ਸਹੀ ( ☑ ) ਅਤੇ ਗਲਤ ਵਾਕ ਅੰਗ ਗਲਤ (X) ਦਾ ਨਿਸ਼ਾਨ ਲਗਾਓ। (ਕਈ ਪੰਜ) 5×1=5

(i) ਸਾਨੂੰ ਸਾਹ ਲੈਣ ਲਈ ਰੁੱਖ ਆਕਸੀਜਨ ਦਿੰਦੇ ਹਨ।
(ii)ਰਜਿੰਦਰ ਦੋ ਭੈਣਾਂ ਤੇ ਤਿੰਨ ਭਰਾਵਾਂ ਵਿੱਚੋਂ ਸਭ ਤੋਂ ਛੋਟਾ ਸੀ
(iii) ਬਿਮਾਰ ਪੰਛੀ ਆਮ ਤੌਰ ਤੇ ਚੁਸਤ ਹੁੰਦੇ ਹਨ
(iv) ਨਿੱਕੀ ਬਿਮਾਰ ਹੋਣ ਕਰਕੇ ਪਾਰਕ ਵਿੱਚ ਖੇਡਣ ਨਹੀਂ ਗਈ
(v) ਮਥੁਰਾ ਦੀ ਹੋਲੀ ਪ੍ਰਸਿੱਧ ਹੈ
(vi) ਭੈਣ ਆਪਣੇ ਵੀਰ ਦਾ ਇੰਤਜ਼ਾਰ ਕਰਦੀ ਹੈ
(vii) ਜਗਨਨਾਥ ਮੰਦਰ ਤੇਰ੍ਹਵੀਂ ਸਦੀ ਦਾ ਬਣਿਆ ਮੰਦਰ ਹੈ।
(viii) ਆਲੋਕ ਛੇਤੀ ਤਿਆਰ ਹੋ ਜਾਂਦਾ ।

9 ਮਿਲਾਨ ਕਰੋ :-

5×1=5

ਭਾਗ-1 ਭਾਗ-2

(i) ਲਾਲ ਉ) ਹੈਲਮਟ

(ii) ਪੀਲੀ ਅ) ਚੱਲਣਾ

(iii) ਹਰੀ ੲ) ਰੁਕਣਾ

(iv) ਸਕੂਟਰ ਸ) ਸੀਟ ਬੈਲਟ

(v) ਕਾਰ ਹ) ਇੰਤਜ਼ਾਰ

10. ਹੇਠ ਦਿੱਤੇ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖਾਲੀ ਥਾਵਾਂ ਭਰੋ (ਕੋਈ ਪੰਜ) :-

5×1=5

(ਰੰਗਾਂ, ਆਲੋਕ,ਕਿੱਕਰ , ਨਿਸ਼ਕਾਮ, ਸਕਾਰਾਤਮਕ, ਪੌੜੀ ,ਜੁਗਤ, ਕੁੱਤਾ)

(i) ਨਿੱਕਾ.......... ਲਗਾਤਾਰ ਕਬੀਰ ਵੱਲ ਵੇਖ ਰਿਹਾ ਸੀ ।

(ii) ਹੋਲੀ......... ਦਾ ਤਿਉਹਾਰ ਹੈ।

(iii) ਸਾਰੇ ਬੱਚਿਆਂ ਨੇ ਮਿਲ ਕੇ ....... ਬਣਾਈ।

(iv) ਪੰਛੀਆਂ ਦੀ........ ਸੇਵਾ ਕੀਤੀ ਜਾਂਦੀ ਹੈ।

(v) ਅੱਗੇ ਵਧਣ ਲਈ ਹਮੇਸ਼ਾ ........ਸੋਚ ਰੱਖੋ।

(vi) ..... ਵਿੱਚ ਕਈ ਦਵਾ ਦਾਰੂ ਗੁਣ ਵੀ ਹਨ।

(vii) ਅਧਿਆਪਕ ਦੀ ਭੂਮਿਕਾ.... ਵਰਗੀ ਹੈ ।

(viii) ਇਕਬਾਲ ਕਰਕੇ...... ਨੂੰ ਵੀ ਪਰੇਸ਼ਾਨੀ ਹੁੰਦੀ ਸੀ।